# ਬਾਬਾ ਫ਼ਰੀਦ ਜੀ ਦੀ ਕਾਵਿ - ਕਲਾ

ਪੰਜਾਬੀ ਸੂਫ਼ੀ ਕਾਵਿ ਵਿੱਚ ਬਾਬਾ ਫ਼ਰੀਦ ਦਾ ਵਿਸ਼ੇਸ਼ ਸਥਾਨ ਹੈ। ਫ਼ਰੀਦ ਬਾਣੀ ਦੀ ਮਹਾਨਤਾ ਇਹ ਹੈ ਕਿ ਇਹ ਗੁਰਮਤਿ ਅਤੇ ਸੂਫ਼ੀ ਕਾਵਿ ਵਿੱਚ ਬਰਾਬਰ ਮਹਾਨਤਾ ਦੀ ਅਧਿਕਾਰੀ ਹੈ। ਫ਼ਰੀਦ ਜੀ ਦੇ 112 ਸਲੋਕ ਅਤੇ 4 ਸ਼ਬਦ (2 ਰਾਗ ਆਸਾ, ਦੋ ਰਾਗ ਸੂਹੀ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਫ਼ਰੀਦ ਜੀ ਦੀ ਕਾਵਿ - ਰਚਨਾ ਵਿੱਚ ਅਨੇਕਾਂ ਕਾਵਿਕ ਗੁਣ ਵਿਦਮਾਨ ਹਨ। ਜਿੱਥੇ ਫ਼ਰੀਦ ਬਾਣੀ ਧਾਰਮਿਕ ਪੱਖੋਂ ਮਹਾਨ ਹੈ, ਉੱਥੇ ਸਾਹਿਤਕ ਗੁਣਾਂ ਦੀ ਖਾਣ ਵੀ ਹੈ।

**ਡਾ. ਤਾਰਨ ਸਿੰਘ ਅਨੁਸਾਰ,** "ਬਾਬਾ ਫ਼ਰੀਦ ਜੀ ਦੀ ਰਚਨਾ ਦਾ ਸ਼ਿਲਪ ਨਿਪੁੰਨ ਕਲਾ ਦੀ ਧਾਰਨੀ ਹੈ। ਉਨ੍ਹਾਂ ਨੇ ਆਪਣੇ ਅਨੁਭਵ ਤੇ ਚਿੰਤਨ ਨੂੰ ਅਲੰਕਾਰ ਵਿਧਾਵਲੀ ਵਿੱਚ ਪ੍ਰਗਟ ਕੀਤਾ ਹੈ। ਪ੍ਰਤੀਕ, ਬਿੰਬ, ਰੂਪਕ, ਉਪਮਾ, ਉਸ ਵਿਧਾਵਲੀ ਦੇ ਪੱਖ ਹਨ।"

(ਪੰਜਾਬੀ ਸੂਫ਼ੀ ਕਾਵਿ, ਮਹਿੰਦਰ ਕੌਰ ਗਿੱਲ, ਪੰਨਾ ਨੰ: 66)

ਬਾਬਾ ਫ਼ਰੀਦ ਜੀ ਨੇ ਆਪਣੇ ਵਿਚਾਰਾਂ ਦਾ ਪ੍ਰਤੀਕਾਤਮਕ ਢੰਗ ਨਾਲ ਵਧੇਰੇ ਬਿਆਨ ਕੀਤਾ ਹੈ। ਪ੍ਰਤੀਕ ਕਿਸੇ ਸੂਖਮ ਅਤੇ ਅਮੂਰਤ ਭਾਵ ਨੂੰ ਨਿਸ਼ਚਿਤ ਪਦਾਰਥ ਦੁਆਰਾ ਰੂਪਮਾਨ ਕਰਨ ਵਾਲਾ ਵਰਤਾਰਾ ਹੈ। ਬਾਬਾ ਫ਼ਰੀਦ ਜੀ ਨੇ ਆਪਣੇ ਅਨੁਭਵ ਨੂੰ ਬੜੇ ਗ੍ਰਹਿਣਯੋਗ, ਪ੍ਰਭਾਵਿਕ ਤੇ ਪ੍ਰਭਾਵਸ਼ਾਲੀ ਢੰਗ ਨਾਲ ਅਭਿਵਿਅਕਤ ਕੀਤਾ ਹੈ।

RSM Date....../....../...... Page ........ Rangoli

1. **ਪ੍ਰਤੀਕ** → = ਫ਼ਰੀਦ ਜੀ ਨੇ 'ਆਤਮਾ - ਪ੍ਰਮਾਤਮਾ' ਲਈ 'ਪਤੀ - ਪਤਨੀ' ਪ੍ਰਤੀਕ ਵਰਤੇ ਹਨ। ਇਸ ਦੇ ਨਾਲ ਹੀ 'ਬਗਲੇ' ਨੂੰ ਜੀਵਾਤਮਾ ਅਤੇ 'ਬਾਜ਼' ਨੂੰ ਮੌਤ ਦਾ ਪ੍ਰਤੀਕ ਦਰਸਾਇਆ ਹੈ

**ਜਿਵੇਂ :**

ਫ਼ਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥

ਫ਼ਰੀਦ ਬਾਣੀ ਵਿੱਚ ਕਾਂ, ਹੰਸ, ਪੰਖੀ, ਘੜਾ, ਸਰੋਵਰ, ਬੇੜਾ, ਕੋਇਲ, ਕਸੁੰਭੜਾ, ਗੰਦਲਾਂ, ਸ਼ੱਕਰ, ਤਿਲ, ਮੁਲਾਂ, ਕਾਠ ਦੀ ਰੋਟੀ, ਮੁਰਗਾਣ - ਤੁਰਗਾਣ, ਪੱਕਾ ਘਰ, ਸਹੁਰਾ ਘਰ, ਦਾਜ, ਵਹੁਟੀ ਆਦਿ ਪ੍ਰਤੀਕ ਵਰਤੇ ਹਨ।

2. **ਬਿੰਬ** → = ਮਨੁੱਖੀ ਗਿਆਨ ਦੁਆਰਾ ਅਨੁਭਵ ਕੀਤੇ ਗਏ ਇੰਦਰੀ ਬੋਧ ਨੂੰ ਕਵੀ ਜਦੋਂ ਸ਼ਬਦਾਂ ਦੁਆਰਾ ਚਿੱਤਰਾਂ ਦਾ ਰੂਪ ਦਿੰਦਾ ਹੈ ਤਾਂ ਇਨ੍ਹਾਂ ਸ਼ਬਦ - ਚਿੱਤਰਾਂ ਨੂੰ ਸ਼ਬਦ - ਬਿੰਬ ਕਿਹਾ ਜਾਂਦਾ ਹੈ, ਸ਼ਬਦ ਵਿੱਚ ਬਿੰਬਾਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ।

ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ, "ਬਿੰਬ ਕਵਿਤਾ ਦਾ ਉਹ ਅੰਸ਼ ਹੁੰਦਾ ਹੈ, ਜਿਹੜਾ ਭਾਵ ਤੋਂ ਲੈ ਕੇ ਸ਼ੈਲੀ ਤੱਕ ਵਸਤੂ ਤੋਂ ਲੈ ਕੇ ਰੂਪ ਤੱਕ ਪਸਰਿਆ ਹੁੰਦਾ ਹੈ।"

(ਪੰਜਾਬੀ ਸੂਫ਼ੀ ਕਾਵਿ, ਅਧਿਐਨ ਰੂਪ ਰੇਖਾਵਾਂ, ਪੰਨਾ ਨੰ: 67)

ਕਬੀਰ ਬਾਣੀ ਵਿੱਚ ਬਿੰਬਾਂ ਦੀ ਕਾਫ਼ੀ ਮਾਤਰਾ ਵਿੱਚ ਵਰਤੋਂ ਕੀਤੀ ਮਿਲਦੀ ਹੈ। ਕਬੀਰ ਜੀ ਨੇ ਆਪਣੇ ਵਿਚਾਰਾਂ ਨੂੰ ਨਿਖਾਰ ਦੇਣ ਲਈ ਦ੍ਰਿਸ਼ ਬਿੰਬ, ਰਸ ਬਿੰਬ, ਸਪਰਸ਼ ਬਿੰਬ, ਗੰਧ ਬਿੰਬ, ਨਾਦ ਬਿੰਬ ਆਦਿ ਦੀ ਵਰਤੋਂ ਕੀਤੀ ਹੈ,

(i) **ਰਸ - ਬਿੰਬ** → = ਇਸ ਬਿੰਬ ਦਾ ਸੰਬੰਧ ਜੀਭ ਨਾਲ ਹੈ, ਕਬੀਰ ਜੀ ਨੇ ਨਾਮ-ਸਿਮਰਨ ਦੀ ਮਿਠਾਸ ਅਤੇ ਮਹੱਤਵ ਦੱਸਣ ਲਈ ਇਸ ਬਿੰਬ ਦੀ ਵਰਤੋਂ ਕਰਦਿਆਂ ਲਿਖਿਆ ਹੈ :

ਕਬੀਰ ਮਰਗ ਖੰਡ ਗਿਹਾਰ ਗੁੜੁ ਮਾਖਿਉ ਮਾਂਡਾ ਦੂਧੁ ॥
ਸਭੈ ਵਸਤੁ ਮਿਠੀਆਂ ਰਬ ਨ ਪੂਜਸਿ ਤੂਧੁ ॥

(ii) **ਦ੍ਰਿਸ਼ - ਬਿੰਬ** → = ਇਸ ਬਿੰਬ ਦਾ ਸੰਬੰਧ ਅੱਖਾਂ ਨਾਲ ਹੈ। ਕਬੀਰ ਜੀ ਜੀਵਾਤਮਾ ਨੂੰ ਸੰਸਾਰ ਦੀ ਨਾਸ਼ਮਾਨਤਾ ਸੰਬੰਧੀ ਸਮਝਾਉਣ ਲਈ ਦ੍ਰਿਸ਼ ਬਿੰਬ ਦੀ ਵਰਤੋਂ ਕਰਦੇ ਹਨ :

ਕਬੀਰ ਕੋਠੇ ਮੰਡਪ ਮਾੜੀਆਂ ਉਸਾਰਦੇ ਭੀ ਗਏ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥

(iii) **ਨਾਦ - ਬਿੰਬ** →= ਇਸ ਬਿੰਬ ਦਾ ਸੰਬੰਧ ਕੰਨਾਂ/ਆਵਾਜ਼ ਨਾਲ ਹੈ। ਜਾਣਦੀ ਬਿਰਤੀ ਹੈ, ਮਨੁੱਖ ਕੁਝ ਗੱਲਾਂ ਦੇਖ ਕੇ ਸਮਝਦਾ ਹੈ ਅਤੇ ਕੁਝ ਗੱਲਾਂ ਸੁਣਨ ਤੋਂ ਬਾਅਦ ਸਿੱਖਿਆ ਸਮਝਦਾ ਹੈ। ਕਬੀਰ ਜੀ ਨੇ ਜੀਵਾਤਮਾ ਨੂੰ ਮੌਤ ਦੇ ਸੰਕਟ ਤੋਂ ਬਚਾਉਣ ਲਈ ਨਾਦ-ਬਿੰਬ ਦੀ ਵਰਤੋਂ ਕੀਤੀ ਹੈ,

- ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ
ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਹਾਲੁ ॥

## 3. ਅਲੰਕਾਰ →=

ਡਾ. ਮਹਿੰਦਰ ਦਾ ਵਿਚਾਰ ਹੈ, "ਅਲੰਕਾਰ ਅਜਿਹੀ ਮਨੋਹਰ ਜੁਗਤ ਹੈ, ਜਿਸ ਨਾਲ ਕਵਿਤਾ ਦੀ ਖੂਬਸੂਰਤੀ ਵਿਚ ਵਾਧਾ ਹੁੰਦਾ ਹੈ। ਇਹ ਸ਼ਬਦ-ਰੂਪੀ ਗਹਿਣੇ ਹਨ ਜੋ ਕਵਿਤਾ ਨੂੰ ਸਜਾਉਣ ਤੇ ਵਿਸ਼ੇਸ਼ ਪ੍ਰਭਾਵ ਵਧਾਉਣ ਦਾ ਕੰਮ ਕਰਦੇ ਹਨ।"

ਫਰੀਦ ਬਾਣੀ ਖੂਬਸੂਰਤ ਅਲੰਕਾਰਾਂ ਨਾਲ ਸਜੀ ਹੋਈ ਹੈ। ਫ਼ਰੀਦ ਜੀ ਦੇ ਸ਼ਬਦ-ਸਲੋਕਾਂ ਵਿੱਚ ਅਨੁਪ੍ਰਾਸ, ਉਪਮਾ, ਰੂਪਕ ਅਤੇ ਦ੍ਰਿਸ਼ਟਾਂਤ ਆਦਿ ਅਲੰਕਾਰਾਂ ਦੀਆਂ ਉਦਾਹਰਨਾਂ ਮਿਲਦੀਆਂ ਹਨ।

(ੳ) **ਅਨੁਪ੍ਰਾਸ ਅਲੰਕਾਰ** →= ਫਰੀਦ ਬਾਣੀ ਵਿਚੋਂ ਇਸ ਅਲੰਕਾਰ ਦੀਆਂ ਅਨੇਕਾਂ ਉਦਾਹਰਨਾਂ ਮਿਲਦੀਆਂ ਹਨ। ਇਸ ਅਲੰਕਾਰ ਦੀ ਵਰਤੋਂ ਉਥੇ ਕੀਤੀ ਜਾਂਦੀ ਹੈ, ਜਿਥੇ ਅੱਖਰਾਂ ਦਾ ਦੁਹਰਾਓ ਹੁੰਦਾ ਹੈ। ਅੱਖਰੀ ਦੁਹਰਾਓ ਕਾਰਨ ਸੰਗੀਤਕ ਸੁਰ ਪੈਦਾ ਹੁੰਦੀ ਹੈ।

- ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥

(i) **ਸ਼ਿੰਗਾਰ ਰਸ** →: ਕਬੀਰ ਜੀ ਨੇ ਸ਼ਿੰਗਾਰ ਰਸ ਦੇ ਅੰਤਰਗਤ ਸੰਜੋਗ - ਵਿਜੋਗ ਦੋਹਾਂ ਪੱਖਾਂ ਦੀ ਵਰਤੋਂ ਕਰਕੇ ਪਤੀ- ਪਤਨੀ ਨੂੰ ਪ੍ਰਤੀਕ ਬਣਾ ਕੇ ਜੀਵਾਤਮਾ - ਪ੍ਰਮਾਤਮਾ ਦੇ ਮਿਲਣ ਨੂੰ ਦਰਸਾਇਆ ਹੈ:

- ਅਸਨੁ ਨ ਸੂਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
  ਜਾਹਿ ਪੂਛਹੁ ਸੋਹਾਗਣੀ ਤੁਮ ਕਿਉ ਰੈਣਿ ਵਿਹਾਇ ॥

(ii) **ਕਰੁਣਾ ਰਸ** →: ਇਸ ਰਸ ਦਾ ਸਥਾਈ ਭਾਵ ਸੋਗ / ਉਦਾਸੀ ਹੈ। ਕਬੀਰ ਜੀ ਜੀਵਾਤਮਾ ਨੂੰ ਸਮਝਾਉਣ ਲਈ ਮੌਤ ਦੇ ਵਰਤਾਰੇ ਦਾ ਕਰੁਣਾਮਈ ਢੰਗ ਨਾਲ ਵਰਣਨ ਕਰਦੇ ਦਿਖਦੇ ਹਨ:

- ਸਫਰਕੁ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥
  ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹਿ ॥
  ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ ॥

(iii) **ਭਿਆਨਕ ਰਸ** →: ਇਸ ਰਸ ਦਾ ਸਥਾਈ ਭਾਵ ਡਰ - ਭੈਅ ਹੈ, ਕਬੀਰ ਜੀ ਨੇ ਜੀਵਾਤਮਾ ਨੂੰ ਵਿਸ਼ੇ - ਵਿਕਾਰ ਛੱਡ ਕੇ ਪ੍ਰਭੂ ਦੀ ਬੰਦਗੀ ਕਰਨ ਦਾ ਉਪਦੇਸ਼ ਦਿੱਤਾ ਹੈ। ਉਨ੍ਹਾਂ ਨੇ ਬੰਦਗੀ ਦੇ ਉਪਦੇਸ਼ ਵਿੱਚ ਜੀਵਾਤਮਾ ਨੂੰ ਮੌਤ ਤੋਂ ਬਾਅਦ ਮਿਲਣ ਵਾਲੀਆਂ ਕਠੋਰ ਸਜ਼ਾਵਾਂ ਦਾ ਡਰਾਵਾ ਦਿੱਤਾ ਹੈ,

- ਕਬੀਰ ਜਿਨ੍ਹ ਫੇਰਿਓ ਜਗੁ ਸੋਤਿਆ ਸੋ ਫੇਰਿ ਮੈਂ ਡਿਠੁ ॥
  ਕਬਹੂ ਨੈਘ ਨ ਸਰਦਿਆ ਸੋ ਪੰਖੀ ਮੂਹਿ ਘਾਹਿਠੁ ॥

(iv) **ਸ਼ਾਂਤ ਰਸ** →: ਕਬੀਰ ਬਾਣੀ ਮਨੁੱਖ ਨੂੰ ਸੰਤੁਲਨਮਈ ਜੀਵਨ ਜਿਉਣ ਦਾ ਉਪਦੇਸ਼ ਦਿੰਦੀ ਹੈ। ਜੀਵੇ ਨੂੰ ਜਾ

ਸੁੱਖ ਵੇਲੇ ਨਾ ਖ਼ੁਸ਼ੀ ਵਿੱਚ ਉਤੇਜਿਤ ਹੋਣਾ ਚਾਹੀਦਾ ਹੈ ਅਤੇ ਨਾ ਹੀ ਗ਼ਮੀ ਵੇਲੇ ਭੈਭੀਤ ਹੋਣਾ ਚਾਹੀਦਾ ਹੈ। ਕਿਉਂਕਿ ਖ਼ੁਸ਼ੀ-ਗ਼ਮੀ ਜੀਵਨ ਚੱਕਰ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ, ਜੀਵਾਤਮਾ ਨੂੰ ਧੀਰਜ ਵਿੱਚ ਰਹਿ ਕੇ ਰੱਬੀ ਹੁਕਮ ਨੂੰ ਮੰਨਣਾ ਚਾਹੀਦਾ ਹੈ, ਕਿਉਂਕਿ ਉਹ ਆਪ ਸੰਸਾਰ ਨਾਲ ਮੇਲੇ ਜਿਹਾ ਵਿਹਾਰ ਕਰਦਾ ਹੈ, ਅਰਥਾਤ ਪ੍ਰਮਾਤਮਾ ਖ਼ੁਸ਼ੀ-ਗ਼ਮੀ ਦੇ ਭਾਗੀ ਮਨੁੱਖ ਨੂੰ ਉਸ ਦੇ ਕਰਮਾਂ ਅਨੁਸਾਰ ਬਣਾਉਂਦਾ ਰਹਿੰਦਾ ਹੈ।

ਫ਼ਰੀਦ ਜੀ ਦਾ ਫ਼ੁਰਮਾਨ ਹੈ:

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥

5. **ਪ੍ਰਕਿਰਤੀ - ਚਿਤਰਨ** → = ਫ਼ਰੀਦ ਬਾਣੀ ਵਿੱਚ ਪ੍ਰਕਿਰਤੀ ਚਿਤਰਨ ਦਾ ਵਿਸ਼ਾਲ ਭੰਡਾਰ ਹੈ। ਫ਼ਰੀਦ ਜੀ ਨੇ ਪ੍ਰਕਿਰਤੀ ਵਿਚੋਂ ਪ੍ਰਤੀਕ ਲੈ ਕੇ ਆਪਣੇ ਵਿਚਾਰਾਂ ਨੂੰ ਸੰਦੇਸ਼ਾਂ ਅਤੇ ਸ਼ਬਦਾਂ ਵਿੱਚ ਢਾਲਿਆ ਹੈ। ਫ਼ਰੀਦ ਜੀ ਜੀਵਾਤਮਾ ਦੀ ਉਕਤ ਸਥਿਤੀ ਨੂੰ ਦਰਸਾਉਂਦੇ ਹੋਏ ਲਿਖਦੇ ਹਨ:

- ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ ॥
  ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ ॥

ਫ਼ਰੀਦ ਬਾਣੀ ਵਿਚੋਂ ਜੰਗਲ, ਰੁੱਤ ਦੇ ਬਨ, ਟੋਏ, ਟਿੱਬੇ, ਮੀਂਹ, ਦਰਿਆਵਾਂ, ਤਲਾਬਾਂ, ਕੱਪੜਾਂ, ਨਦੀਆਂ, ਰੁੱਖਾਂ, ਕੋਇਲ, ਕਾਵਾਂ, ਕੂੰਜਾਂ, ਕਸੁੰਭੜਾ, ਖਜੂਰਾਂ, ਪੁਰਾਂ, ਥਾਂਵਾਂ ਅਤੇ ਰੁੱਤਾਂ ਆਦਿ ਪ੍ਰਕਿਰਤੀ ਨਾਲ ਸੰਬੰਧਿਤ ਵਸਤਾਂ, ਨਾਵਾਂ ਥਾਵਾਂ ਦੇ ਨਾਲ ਮਿਲਦੇ ਹਨ,

- ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥
  ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਉ ਨਾਹਿ ॥

**ਬਿੰਬ - ਚਿਤਰਨ** →= ਜਦੋਂ ਸ਼ਬਦਾਂ ਦੁਆਰਾ ਕੋਈ ਰੂਪ / ਤਸਵੀਰ ਸਾਕਾਰ ਹੋਵੇ ਤਾਂ ਉਸ ਵਰਣਨ ਨੂੰ ਬਿੰਬ-ਚਿਤਰਨ ਕਿਹਾ ਜਾਂਦਾ ਹੈ, ਫ਼ਰੀਦ ਬਾਣੀ ਵਿਚਲੇ ਸ਼ਬਦ-ਸਲੋਕਾਂ ਨੂੰ ਪੜ੍ਹਦਿਆਂ ਉਨ੍ਹਾਂ ਵਿਚ ਦਰਸਾਏ ਵਰਤਾਰੇ ਅੱਖਾਂ ਸਾਹਮਣੇ ਤਸਵੀਰ ਵਾਂਗ ਉਜਾਗਰ ਹੋ ਜਾਂਦੇ ਹਨ, ਜਿਵੇਂ ਫ਼ਰੀਦ ਜੀ ਨੇ ਮਨੁੱਖੀ ਨਜ਼ਰਾਂ ਸਾਹਮਣੇ ਸੰਸਾਰ / ਸਰੀਰ ਦੀ ਨਾਸ਼ਮਾਨਤਾ, ਰੰਗ - ਮਾਣੇ ਰਸਾਂ ਦਾ ਲੇਖਾ- ਜੋਖਾ ਚਿੱਤਰਾਂ ਦੇ ਰੂਪ ਵਿੱਚ ਪੇਸ਼ ਕੀਤਾ ਹੈ :

- ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
  ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥

- ਫਰੀਦਾ ਜੇ ਤੂ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥
  ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥

7. **ਪੰਜਾਬੀ ਲੋਕ - ਜੀਵਨ ਨਾਲ ਸੰਬੰਧਿਤ ਸਮੱਗਰੀ** →= ਫ਼ਰੀਦ ਬਾਣੀ ਵਿਚੋਂ ਪੰਜਾਬੀ ਲੋਕ- ਜੀਵਨ ਨਾਲ ਸੰਬੰਧਿਤ ਅਨੇਕਾਂ ਹਵਾਲੇ ਮਿਲਦੇ ਹਨ, ਜੋ ਪੰਜਾਬੀ ਸਮਾਜ- ਸਭਿਆਚਾਰ ਦੀ ਸੰਪੂਰਨ ਤਸਵੀਰ ਉਲੀਕਣ ਵਿੱਚ ਸਹਾਈ ਹਨ, ਜਿਵੇਂ : ਪੰਜਾਬੀਆਂ ਦਾ ਰਹਿਣ- ਸਹਿਣ, ਖਾਣ - ਪੀਣ, ਜੀਵਕਾਂ ਦਾ ਸਾਗ, ਖੰਡ, ਸ਼ਹਿਦ, ਮਿਸ਼ਰੀ, ਗੁੜ, ਸ਼ੱਕਰ। ਪਹਿਰਾਵਾ : ਪੱਟ ਰੇਸ਼ਮ ਦੇ ਕੱਪੜੇ, ਪੱਗ, ਕੰਬਲੀ, ਹਾਰ ਸ਼ਿੰਗਾਰ : ਗਹਿਣੇ, ਅੱਖਾਂ ਚ ਕੱਜਲ ਪਾਉਣਾ।

RSM
Date........./........./...............
Page ..................................
Rangoli

ਜਿਵੇਂ :

• ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥

8. **ਸ਼ੈਲੀ** → = ਫ਼ਰੀਦ ਬਾਣੀ ਵਿੱਚ ਸੰਬੋਧਨੀ ਸ਼ੈਲੀ ਦੀ ਵਰਤੋਂ ਵਧੇਰੇ ਪ੍ਰਮੁੱਖ ਹੈ। ਉਨ੍ਹਾਂ ਨੇ 'ਸਵੈ ਸੰਬੋਧਨ' ਸ਼ੈਲੀ ਦੁਆਰਾ ਕਾਵਿ-ਰਚਨਾ ਕੀਤੀ ਹੈ, ਜੋ ਉਨ੍ਹਾਂ ਦੀ ਕਾਵਿਕ ਪ੍ਰਤਿਭਾ ਤੇ ਵਿਲੱਖਣਤਾ ਦੇ ਸਾਖੀ ਬਣਾਉਂਦੀ ਹੈ। ਸ਼ੈਲੀ ਕਵੀ ਦਾ ਵਿਸ਼ਿਸ਼ਟ ਢੰਗ ਹੁੰਦਾ ਹੈ, ਜਿਸ ਦੁਆਰਾ ਲੇਖਕ ਦੀ ਸ਼ਖ਼ਸੀਅਤ ਦਾ ਪਤਾ ਲੱਗਦਾ ਹੈ। ਸ਼ੈਲੀ ਹੀ ਇੱਕ ਲੇਖਕ ਨੂੰ ਦੂਜੇ ਲੇਖਕ ਨਾਲੋਂ ਵਿਸ਼ਿਸ਼ਟ ਬਣਾਉਂਦੀ ਹੈ। ਫ਼ਰੀਦ ਜੀ ਦੀ ਸ਼ੈਲੀ ਹੀ ਉਨ੍ਹਾਂ ਨੂੰ ਸਮਕਾਲੀ ਸੂਫ਼ੀ ਕਵੀਆਂ ਨਾਲੋਂ 'ਵੱਖਰਤਾ' ਦੇ ਮਾਲਕ ਬਣਾਉਂਦੀ ਹੈ। ਉਹ ਆਪਣੇ ਨੂੰ 'ਕੁੱਤਾ' ਤੌਰ ਕਹਿ ਕੇ ਸੰਬੋਧਨ ਕਰ ਦਿੰਦੇ ਹਨ, ਜੋ ਉਨ੍ਹਾਂ ਦੀ ਸ਼ਖ਼ਸੀਅਤ ਦਾ ਦਰਪਣ ਹੈ।

• ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥

ਫ਼ਰੀਦ ਜੀ ਨੇ ਸੰਬੋਧਨੀ ਸ਼ੈਲੀ ਦੇ ਨਾਲ ਅੰਸ਼ਿਕ ਮਾਤਰਾ ਵਿੱਚ ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਵੀ ਕੀਤੀ ਹੈ, ਜਿਵੇਂ :

• ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥

9. **ਛੰਦ-ਬੰਦੀ** →: ਸ਼ੇਖ ਫ਼ਰੀਦ ਨੇ ਜੋਗੀਆਂ ਦੇ ਪ੍ਰਚਲਿਤ ਦੋਹਿੜਾਂ ਨੂੰ ਵਧੇਰੇ ਆਪਣੇ ਸਲੋਕਾਂ ਵਿੱਚ ਵਰਤਿਆ ਹੈ ਤੇ ਕਿਤੇ-ਕਿਤੇ ਤੁਕਾਂਤ ਵਿਧਾਨ ਮਿਲਾਣ ਕਰ ਕੇ

ਉਹ ਸੋਰਠੇ ਦਾ ਰੂਪ ਹੀ ਧਾਰ ਗਿਆ ਹੈ :

(i) **ਦੋਹਰਾ ਛੰਦ :**

• ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥

(ii) **ਸੋਰਠਾ ਛੰਦ :**

• ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥

10. **ਭਾਸ਼ਾ / ਸ਼ਬਦਾਵਲੀ** →:- ਫ਼ਰੀਦ ਜੀ ਪ੍ਰਗਤਗ ਸੂਫ਼ੀਮਤ ਦੇ ਪ੍ਰਚਾਰਕ ਕਈ ਸਾਲ ਪੰਜਾਬ ਘੁੰਮੇ ਸਨ। ਇਸ ਕਾਰਨ ਉਨ੍ਹਾਂ ਦੀ ਰਚਨਾ ਵਿੱਚ ਅਨੇਕ ਭਾਸ਼ਾਵਾਂ ਦਾ ਸੁਮੇਲ ਹੈ:

(i) **ਮੁਲਤਾਨੀ ਸ਼ਬਦਾਵਲੀ** => ਮੈਂਡੇ, ਤੈਂਡੇ, ਡੋਹਾਗਣੀ, ਵਿਹਣ, ਰਪਰ, ਗਾਫ਼ਲੀ, ਵੈਸੀ, ਸਾਮੀ, ਅੰਗਣੀਆਂ, ਪਵਣੀ, ਤੇਰਾ, ਚੀਵਣਾ, ਵਿਸਾਰਣ ਅਤੇ ਜਣਿਆਈ ਆਦਿ।

(ii) **ਅਰਬੀ - ਫ਼ਾਰਸੀ ਸ਼ਬਦਾਵਲੀ** => ਬੰਦਗੀ, ਜ਼ੋਰ, ਤਮਾਸ਼, ਸ਼ਾਹ, ਪੁਰਸਾਤ, ਅਜ਼ਰਾਇਲ, ਸ਼ੈਤਾਨ, ਗਿਰੀਵਾਨ, ਸਬਰ, ਅਕਲ, ਫ਼ਕੀਰ, ਰਜਾਇ ਅਤੇ ਦੋਜ਼ਕ ਆਦਿ।

(iii) **ਹਿੰਦੀ ਸ਼ਬਦਾਵਲੀ** => ਕਾਗਾ, ਕਿਆ, ਭੀ, ਕੀ, ਕੋ, ਕੇ, ਤੁਮਾਰੀ, ਦੇਖਾ, ਕੀਰਨੁ, ਪੰਥ, ਉਪਰਿ, ਸੂਲੁ, ਪਛੋਤਾਉ, ਘੋਰਿ, ਕੰਤਰ, ਅਤੇ ਸਾਹਣ ਆਦਿ।

RSM
Date......../......../..............
Page ................................
Rangoli

**ਸਿੱਟਾ** => ਉਪਰੋਕਤ ਵਿਚਾਰ ਚਰਚਾ ਅਤੇ ਪਰਿਭਾਸ਼ਾਵਾਂ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਬਾਬਾ ਫ਼ਰੀਦ ਜੀ ਦੀ ਰਚਨਾ ਕਲਾਤਮਕ ਵਿਸ਼ੇਸ਼ਤਾਵਾਂ ਨਾਲ ਭਰਪੂਰ ਹੈ। ਬਾਬਾ ਫ਼ਰੀਦ ਜੀ ਦੀ ਰਚਨਾ ਵਿੱਚ ਜਜ਼ਬਾਤੀ ਸ਼ੈਲੀ ਤੇ ਤਿੰਨ ਪ੍ਰਮੁੱਖ ਗੁਣ - ਸਰਲਤਾ, ਸੰਜਮ ਤੇ ਸਪੱਸ਼ਟਤਾ ਮਿਲਦੇ ਹਨ। ਇਸ ਤੋਂ ਇਲਾਵਾ ਰਸ, ਅਲੰਕਾਰ, ਪ੍ਰਤੀਕ, ਬਿੰਬ, ਛੰਦ, ਪ੍ਰਕਿਰਤੀ ਨਾਲ ਸੰਬੰਧਿਤ ਸਮੱਗਰੀ ਦੀ ਬੜੀ ਖ਼ੂਬੀ ਵਰਤੋਂ ਕੀਤੀ ਹੈ।